# Official Visit of Foreign Minister of New Zealand to India (February 7-10, 2023)

February 07, 2023

................

## ਨਿਊਜ਼ੀਲੈਂਡ ਦੇ ਵਿਦੇਸ਼ ਮੰਤਰੀ ਵੱਲੋਂ ਭਾਰਤ ਦੀ ਸਰਕਾਰੀ ਫੇਰੀ (7-10 ਫਰਵਰੀ, 2023)

## 7 ਫਰਵਰੀ , 2023

1. ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਦੇ ਸੱਦੇ 'ਤੇ ਨਿਊਜ਼ੀਲੈਂਡ ਦੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਤੀ ਨੈਨੀਆ ਮਹੂਤਾ 7-10 ਫਰਵਰੀ, 2023 ਤੱਕ ਭਾਰਤ ਦੇ ਅਧਿਆਰਿਤ ਦੌਰੇ 'ਤੇ ਆਉਣਗੇ। ਉਨ੍ਹਾਂ ਦੇ ਨਾਲ ਉੱਚ ਪੱਧਰੀ ਅਧਿਕਾਰੀ ਅਤੇ ਵਪਾਰਕ ਵਫਦ ਵੀ ਹੋਵੇਗਾ। ਵਿਦੇਸ਼ ਮੰਤਰੀ ਮਾਹੂਤਾ ਵਿਦੇਸ਼ ਮੰਤਰੀ ਵਜੋਂ ਆਪਣੀ ਪਹਿਲੀ ਭਾਰਤ ਫੇਰੀ ਦੌਰਾਨ ਦਿੱਲੀ ਅਤੇ ਮੁੰਬਈ ਜਾਣਗੇ।

2. ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੇ 7 ਫਰਵਰੀ, 2023 ਨੂੰ ਦੁਵੱਲੀ ਵਾਰਤਾ ਕਰਨ ਲਈ ਦੌਰੇ 'ਤੇ ਆਈ ਵਿਦੇਸ਼ ਮੰਤਰੀ ਦੀ ਮੇਜ਼ਬਾਨੀ ਕੀਤੀ। ਦੋਵਾਂ ਮੰਤਰੀਆਂ ਨੇ ਆਰਥਿਕ ਸਹਿਯੋਗ, ਵਿਦਿਅਕ ਵਟਾਂਦਰੇ, ਰੱਖਿਆ ਸਹਿਯੋਗ ਅਤੇ ਲੋਕ ਪੱਧਰੀ ਸੰਪਰਕ ਸਮੇਤ ਸਾਰੇ ਦੁਵੱਲੇ ਮਾਮਲਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਨਿਯਮ - ਅਧਾਰਿਤ, ਸ਼ਾਂਤੀਪੂਰਨ, ਸਥਿਰ ਅਤੇ ਖੁਸ਼ਹਾਲ ਹਿੰਦ-ਪ੍ਰਸ਼ਾਂਤ ਖੇਤਰ ਬਾਰੇ ਭਾਰਤ ਅਤੇ ਨਿਊਜ਼ੀਲੈਂਡ ਦੇ ਸਾਂਝੇ ਦ੍ਰਿਸ਼ਟੀਕੋਣ ਬਾਰੇ ਚਰਚਾ ਕੀਤੀ।

3. ਵਿਦੇਸ਼ ਮੰਤਰੀ ਮਾਹੂਤਾ ਨੇ ਅੰਤਰਰਾਸ਼ਟਰੀ ਸੋਲਰ ਅਲਾਇੰਸ (ISA) ਫਰੇਮਵਰਕ ਸਮਝੌਤੇ ਦੀ ਮੈਂਬਰੀ ਲਈ ਨਿਊਜ਼ੀਲੈਂਡ ਦਾ ਰਾਹ ਪੱਧਰਾ ਕਰਦੇ ਹੋਏ ਸਮਝੌਤੇ ਦੀਆਂ ਹਸਤਾਖਰ ਕੀਤੀਆਂ ਕਾਪੀਆਂ ਵਿਦੇਸ਼ ਮੰਤਰੀ ਨੂੰ ਸੌਂਪੀਆਂ।

4. ਵਿਦੇਸ਼ ਮੰਤਰੀ ਮਾਹੂਤਾ ਦੀ ਫੇਰੀ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਵੱਲੋਂ ਅਕਤੂਬਰ 2022 ਵਿੱਚ ਕੀਤੀ ਗਈ ਨਿਊਜ਼ੀਲੈਂਡ ਦੀ ਫੇਰੀ ਤੋਂ ਥੋੜੀ ਦੇਰ ਬਾਅਦ ਹੋ ਰਹੀ ਹੈ।

5. ਭਾਰਤ ਅਤੇ ਨਿਊਜ਼ੀਲੈਂਡ ਦੇ ਲੋਕਤੰਤਰੀ ਪਰੰਪਰਾਵਾਂ ਦੀਆਂ ਸਮਾਨਤਾਵਾਂ ਅਤੇ ਮਜ਼ਬੂਤ ਲੋਕ ਪੱਧਰੀ ਸਬੰਧਾਂ 'ਤੇ ਆਧਾਰਿਤ ਮਜ਼ਬੂਤ ਸਾਂਝੀਆਂ ਕਦਰਾਂ-ਕੀਮਤਾਂ ਵਾਲੇ ਨੇੜਲੇ ਦੁਵੱਲੇ ਸਬੰਧ ਹਨ। ਦੋਵੇਂ ਦੇਸ਼ਾਂ ਦਰਮਿਆਨ ਆਰਥਿਕ, ਰਾਜਨੀਤਿਕ, ਰੱਖਿਆ, ਸਿੱਖਿਆ ਅਤੇ ਵਿਗਿਆਨ ਅਤੇ ਤਕਨਾਲੋਜੀ ਸਮੇਤ ਕਈ ਖੇਤਰਾਂ ਵਿੱਚ ਸਹਿਯੋਗ ਚੱਲ ਰਿਹਾ ਹੈ।

ਨਵੀਂ ਦਿੱਲੀ

7 ਫਰਵਰੀ, 2023

DISCLAIMER: This is an approximate translation. The original is available in English on MEA's website and may be referred to as the official press release.